ਪੰਜਾਬੀ

# ਤੁਹਾਡੀ ਤਨਖਾਹ




Queensland Migrant WorkWise

qldmigrantworkwise.com

Queensland Migrant WorkWise

qldmigrantworkwise.com

## ਘੱਟੋ-ਘੱਟ ਤਨਖਾਹ

ਤੁਹਾਨੂੰ ਘੱਟੋ-ਘੱਟ, ਘੱਟੋ ਤੋਂ ਘੱਟ ਨਿਰਧਾਰਤ ਕੀਤੇ ਗਏ ਮਹਿਨਤਾਨੇ ਦਾ ਭੁਗਤਾਨ ਜ਼ਰੂਰ ਮਿਲਣਾ ਚਾਹੀਦਾ ਹੈ।

ਟੈਕਸ ਕੱਟੇ ਜਾਣ ਤੋਂ ਪਹਿਲਾਂ, ਘੱਟੋ-ਘੱਟ ਮਹਿਨਤਾਨਾ* ਹੈ:
• $24.95 ਪ੍ਰਤੀ ਘੰਟਾ, ਜਾਂ
• $948.00 ਪ੍ਰਤੀ 38-ਘੰਟੇ ਵਾਲਾ ਹਫ਼ਤਾ
(2025-2026)

ਪਰ ਜ਼ਿਆਦਾਤਰ ਕਰਮਚਾਰੀ ਆਪਣੇ ਅਵਾਰਡ, ਐਂਟਰਪ੍ਰਾਈਜ਼ ਸਮਝੌਤੇ ਜਾਂ ਰੁਜ਼ਗਾਰ ਇਕਰਾਰਨਾਮੇ ਦੇ ਤਹਿਤ ਇਸ ਨਾਲੋਂ ਵੱਧ ਤਨਖਾਹ ਦੇ ਹੱਕਦਾਰ ਹੁੰਦੇ ਹਨ।

ਤੁਹਾਨੂੰ ਸਿਖਲਾਈ (ਟ੍ਰੇਨਿੰਗ) ਦੌਰਾਨ, ਟੀਮ ਮੀਟਿੰਗਾਂ ਵਿੱਚ, ਟ੍ਰਾਇਲ ਸ਼ਿਫਟਾਂ ਵਿੱਚ ਅਤੇ ਕਾਰੋਬਾਰ ਖੋਲ੍ਹਣ ਅਤੇ ਬੰਦ ਕਰਨ ਵਿੱਚ ਬਿਤਾਏ ਗਏ ਸਮੇਂ ਲਈ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ। ਰਿਹਾਇਸ਼ ਜਾਂ ਖਾਣਾ ਤੁਹਾਡੀ ਤਨਖਾਹ ਦੀ ਥਾਂ ਨਹੀਂ ਲੈ ਸਕਦੇ। ਕਮਾਈ ਦੇ ਰੂਪ ਵਿੱਚ ਇਹ ਅਸਲ ਪੈਸਾ ਹੋਣਾ ਚਾਹੀਦਾ ਹੈ।

## ਅਵਾਰਡ ਤਨਖਾਹ

ਅਵਾਰਡ (Awards) ਉਨ੍ਹਾਂ ਘੱਟੋ-ਘੱਟ ਤਨਖਾਹ ਦੀਆਂ ਦਰਾਂ ਅਤੇ ਰੁਜ਼ਗਾਰ ਸ਼ਰਤਾਂ ਨੂੰ ਕਿਹਾ ਜਾਂਦਾ ਹੈ ਜੋ ਕਿਸੇ ਖਾਸ ਉਦਯੋਗ ਜਾਂ ਕਿੱਤੇ 'ਤੇ ਲਾਗੂ ਹੁੰਦੀਆਂ ਹਨ। ਅਵਾਰਡ 'ਫੇਅਰ ਵਰਕ ਕਮਿਸ਼ਨ' ਦੁਆਰਾ ਬਣਾਏ ਜਾਂਦੇ ਹਨ ਅਤੇ ਅਦਾਲਤ ਵਿੱਚ ਕਾਨੂੰਨੀ ਤੌਰ 'ਤੇ ਲਾਗੂ ਕਰਵਾਏ ਜਾ ਸਕਦੇ ਹਨ। ਆਸਟ੍ਰੇਲੀਆ ਵਿੱਚ 5 ਵਿੱਚੋਂ ਲਗਭਗ 1 ਕਰਮੀ ਅਵਾਰਡਾਂ ਅਧੀਨ ਆਉਂਦੇ ਹਨ।

## ਕੈਜ਼ੂਅਲ ਲੋਡਿੰਗ

ਜੇਕਰ ਤੁਸੀਂ ਇੱਕ ਕੈਜ਼ੂਅਲ ਕਰਮਚਾਰੀ ਹੋ, ਤਾਂ ਭੁਗਤਾਨ ਕੀਤੀ ਛੁੱਟੀ ਵਰਗੇ ਲਾਭਾਂ ਦੀ ਘਾਟ ਦੀ ਭਰਪਾਈ ਲਈ ਤੁਸੀਂ 'ਕੈਜ਼ੂਅਲ ਲੋਡਿੰਗ' (ਜੋ ਕਿ ਆਮ ਤੌਰ 'ਤੇ 25% ਹੁੰਦੀ ਹੈ) ਦੇ ਰੂਪ ਵਿੱਚ ਵਾਧੂ ਭੁਗਤਾਨ ਪ੍ਰਾਪਤ ਕਰਨ ਦੇ ਹੱਕਦਾਰ ਹੋ ਸਕਦੇ ਹੋ।

## Penalty Rates

ਜੇਕਰ ਤੁਸੀਂ ਵੀਕਐਂਡ (ਸ਼ਨੀ-ਐਤਵਾਰ) 'ਤੇ ਜਾਂ ਜਨਤਕ ਛੁੱਟੀਆਂ 'ਤੇ ਕੰਮ ਕਰਦੇ ਹੋ, ਜਾਂ ਜੇਕਰ ਤੁਸੀਂ ਓਵਰਟਾਈਮ, ਸੱਝਰੇ-ਸਵੇਰੇ ਜਾਂ ਰਾਤ ਦੀਆਂ ਸ਼ਿਫਟਾਂ ਵਿੱਚ ਕੰਮ ਕਰਦੇ ਹੋ, ਤਾਂ ਤੁਸੀਂ ਉੱਚ ਤਨਖਾਹ ਦੀ ਦਰ ਜਾਂ ਵਾਧੂ ਛੁੱਟੀ ਦੇ ਹੱਕਦਾਰ ਹੋ ਸਕਦੇ ਹੋ।

## ਤਨਖਾਹ ਰਸੀਦ (ਪੇਸਲਿੱਪਾਂ/Pay slips)

ਜਦੋਂ ਤੁਹਾਨੂੰ ਆਪਣੀ ਤਨਖਾਹ ਪ੍ਰਾਪਤ ਹੁੰਦੀ ਹੈ (ਨਕਦ, ਚੈੱਕ ਜਾਂ ਬੈਂਕ ਟ੍ਰਾਂਸਫਰ), ਤਾਂ ਤੁਹਾਨੂੰ ਭੁਗਤਾਨ ਪ੍ਰਾਪਤ ਹੋਣ ਦੇ 1 ਕਾਰੋਬਾਰੀ ਦਿਨ ਦੇ ਅੰਦਰ ਇੱਕ ਪੇਸਲਿੱਪ ਮਿਲ ਜਾਣੀ ਚਾਹੀਦੀ ਹੈ। ਆਪਣੀਆਂ ਪੇਸਲਿੱਪਾਂ ਦੀ ਅੱਗੇ ਕਦੇ ਵਰਤੋਂ ਕਰਨ ਲਈ ਲਈ ਸਾਂਭ ਕੇ ਰੱਖੋ।

ਪੇਸਲਿੱਪ ਵਿੱਚ ਹੇਠ ਲਿਖੀਆਂ ਚੀਜ਼ਾਂ ਨੂੰ ਦਰਸਾਇਆ ਗਿਆ ਹੋਣਾ ਚਾਹੀਦਾ ਹੈ:
• ਕੰਮ ਕਰ ਕੇ ਤੁਸੀਂ ਕਿੰਨੀ ਕਮਾਈ ਕੀਤੀ ਹੈ
• ਲੋਡਿੰਗ, ਪਨਿਲਟੀ ਦਰਾਂ ਅਤੇ ਹੋਰ ਬਣਦੀਆਂ ਹੱਕਦਾਰੀਆਂ ਜਨ੍ਹਿਾਂ ਦੀ ਅਦਾਇਗੀ ਤੁਹਾਨੂੰ ਕੀਤੀ ਗਈ ਹੈ
• ਤੁਹਾਡੀ ਤਨਖਾਹ ਵਿੱਚੋਂ ਕੀਤੀ ਗਈ ਕੋਈ ਵੀ ਕਟੌਤੀ।

## ਵਰਕਕਵਰ (WorkCover)

ਜੇਕਰ ਤੁਸੀਂ ਕੰਮ ਦੀ ਵਜਹਿ ਤੋਂ ਜ਼ਖਮੀ ਜਾਂ ਬਿਮਾਰ ਹੋ ਜਾਂਦੇ ਹੋ, ਤਾਂ ਤੁਸੀਂ ਤਨਖਾਹ ਵਾਲੀ ਛੁੱਟੀ ਅਤੇ ਡਾਕਟਰੀ ਖਰਚਿਆਂ ਦੀ ਅਦਾਇਗੀ ਦੇ ਹੱਕਦਾਰ ਹੋ ਸਕਦੇ ਹੋ।

*ਕੁਝ ਕਾਮਿਆਂ ਨੂੰ ਸੀਮਤ ਹਾਲਾਤਾਂ ਵਿੱਚ ਘੱਟ ਤਨਖਾਹ ਦਿੱਤੀ ਜਾ ਸਕਦੀ ਹੈ, ਜਿਵੇਂ ਕਿ 21 ਸਾਲ ਤੋਂ ਘੱਟ ਉਮਰ ਦੇ ਕੁਝ ਕਾਮੇ ਅਤੇ ਕੁਝ ਅੱਪ੍ਰੇਂਟਿਸ (apprentices) ਜਾਂ ਸਿਖਿਆਰਥੀ। ਵਧੇਰੇ ਜਾਣਕਾਰੀ ਲਈ ਫੇਅਰ ਵਰਕ ਓਮਬਡਸਮੈਨ (ਕੰਮ-ਕਾਜ ਸਬੰਧੀ ਮੁੱਦਿਆਂ ਦੇ ਲੋਕਪਾਲ) ਨਾਲ ਸੰਪਰਕ ਕਰੋ: https://www.fairwork.gov.au/